National Research Journal of Social Sciences
Volume-11, Issue-1, January-June 2026
PP: 296-299

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ

**ਨਵਜੀਤ ਕੌਰ**

ਅਸਿਸਟੈਂਟ ਪ੍ਰੋਫੈਸਰ ਪੰਜਾਬੀ
ਗਿਆਨੀ ਕਰਤਾਰ ਸਿੰਘ ਮੈਮੋਰੀਅਲ, ਸਰਕਾਰੀ ਕਾਲਜ ਟਾਂਡਾ ਉੜਮੁੜ

**ਸਾਰੰਸ਼**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਅਵਸਰ ਉੱਤੇ ਉਨ੍ਹਾਂ ਦੇ ਤਿੰਨ ਅਮਰ ਸ਼ਹੀਦ ਸਾਥੀਆਂਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀਦੀ ਅਦੁੱਤੀ ਸ਼ਹਾਦਤ ਨੂੰ ਵਿਸ਼ਲੇਸ਼ਣਾਤਮਕ ਢੰਗ ਨਾਲ ਇਸ ਪੇਪਰ ਵਿੱਚ ਪੇਸ਼ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਇਨ੍ਹਾਂ ਸਿੱਖ ਸ਼ਹੀਦਾਂ ਦੇ ਬਲਿਦਾਨ ਨੇ ਧਰਮਿਕ ਅਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਨੈਤਿਕ ਅਡੋਲਤਾ ਦੀ ਰੱਖਿਆ ਲਈ ਇੱਕ ਵਿਲੱਖਣ ਮਿਸਾਲ ਸਥਾਪਤ ਕੀਤੀ। ਇਸ ਪੇਪਰ ਵਿੱਚ ਇਤਿਹਾਸਕ ਸਰੋਤਾਂ, ਗੁਰਮਤਿ ਦਰਸ਼ਨ ਅਤੇ ਸਮਕਾਲੀ ਲਿਖਤਾਂ ਨੂੰ ਆਧਾਰ ਬਣਾ ਕੇ ਇਹ ਦਸਿਆ ਗਿਆ ਹੈ ਕਿ ਕਿਵੇਂ ਇਨ੍ਹਾਂ ਤਿੰਨ ਸਿੱਖ ਸ਼ਹੀਦਾਂ ਨੇ ਅਤਿਆਚਾਰਕ ਸੱਤਾ ਦੇ ਦਬਾਅ ਹੇਠ ਵੀ ਗੁਰੂ ਮਰਿਆਦਾ, ਧਰਮ ਨਿਸ਼ਠਾ ਅਤੇ ਆਤਮਿਕ ਅਟੱਲਤਾ ਦਾ ਝੰਡਾ ਉੱਚਾ ਰੱਖਿਆ। ਭਾਈ ਮਤੀ ਦਾਸ ਜੀ ਦੀ ਆਰੇ ਨਾਲ, ਭਾਈ ਦਿਆਲਾ ਜੀ ਦੀ ਉਬਲਦੀ ਦੇਗ ਵਿੱਚ ਅਤੇ ਭਾਈ ਸਤੀ ਦਾਸ ਜੀ ਦੀ ਸਰੀਰ ਦੁਆਲੇ ਰੂੰ ਲਪੇਟ ਕੇ ਤੇਲ ਪਾ ਕੇ ਕੀਤੀ ਗਈ ਸ਼ਹਾਦਤ ਸਿਰਫ਼ ਸਿੱਖ ਇਤਿਹਾਸ ਦੀ ਨਹੀਂ ਸਗੋਂ ਵਿਸ਼ਵ-ਮਨੁੱਖਤਾ ਦੀ ਸਾਂਝੀ ਵਿਰਾਸਤ ਦਾ ਅਟੁੱਟ ਅੰਗ ਹੈ। ਪੇਪਰ ਇਹ ਵੀ ਉਜਾਗਰ ਕਰਦਾ ਹੈ ਕਿ 350 ਸਾਲਾ ਸ਼ਤਾਬਦੀ ਸਮਾਗਮ ਕਿਵੇਂ ਨਵੀਂ ਪੀੜ੍ਹੀ ਨੂੰ ਧਾਰਮਕ ਆਜ਼ਾਦੀ ਅਤੇ ਧਰਮ ਦੇ ਅਸੂਲਾਂ ਦੀ ਸੁਰੱਖਿਆ ਵੱਲ ਪ੍ਰੇਰਿਤ ਕਰ ਸਕਦੇ ਹਨ। ਇਹ ਅਧਿਐਨ ਨਿਰਣਾ ਕਰਦਾ ਹੈ ਕਿ ਇਨ੍ਹਾਂ ਸ਼ਹੀਦਾਂ ਦੀ ਜੀਵਨ-ਕਥਾ ਸਿਰਫ਼ ਇਤਿਹਾਸਕ ਘਟਨਾ ਨਹੀਂ, ਸਗੋਂ ਸਮਾਜਿਕ ਨਿਆਂ, ਸਹਿਨਸ਼ੀਲਤਾ ਅਤੇ ਮਨੁੱਖੀ ਗੌਰਵ ਦੀ ਅਮਰ ਸਿੱਖਿਆ ਹੈ।

**ਕੁੰਜੀ ਸ਼ਬਦ**

ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਸ਼ਹੀਦੀ, ਗੁਰੂ ਤੇਗ਼ ਬਹਾਦਰ ਜੀ, ਸਿੱਖ ਇਤਿਹਾਸ, ਧਾਰਮਿਕ ਅਡੋਲਤਾ, ਮਨੁੱਖੀ ਅਧਿਕਾਰ, ਧਰਮ ਦੀ ਆਜ਼ਾਦੀ, ਮੁਗਲ ਸ਼ਾਸਨ, ਕੁਰਬਾਨੀ, ਸਿੱਖ ਧਰਮ ਦੀ ਵਿਰਾਸਤ

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖ ਇਤਿਹਾਸ ਦੇ ਉਹ ਮਹਾਨ ਯੋਧੇ, ਧਰਮ ਰਖਿਆ ਦੇ ਪ੍ਰਤੀਕ ਅਤੇ ਸ਼ਾਂਤੀ, ਤਿਆਗ ਤੇ ਮਨੁੱਖਤਾ ਦੇ ਪ੍ਰਚਾਰਕ ਹਨ ਜਿਨ੍ਹਾਂ ਨੇ ਧਰਮ ਅਤੇ ਸੱਚਾਈ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ। ਉਨ੍ਹਾਂ ਦੀ ਸ਼ਹੀਦੀ ਮਨੁੱਖਤਾ ਦੇ ਇਤਿਹਾਸ ਵਿੱਚ ਇਕ ਅਦੁਤੀ ਘਟਨਾ ਹੈ। ਸਾਲ 2025 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ 350 ਸਾਲ ਪੂਰੇ ਹੋ ਰਹੇ ਹਨ। ਇਸ ਮਹੱਤਵਪੂਰਨ ਅਵਸਰ ਉੱਤੇ ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਵੀ ਵਿਭਿੰਨ ਸਮਾਗਮਾਂ, ਸੈਮਿਨਾਰਾਂ, ਪ੍ਰਦਰਸ਼ਨੀਆਂ ਅਤੇ ਧਾਰਮਿਕ ਪ੍ਰੋਗਰਾਮਾਂ ਰਾਹੀਂ ਉਨ੍ਹਾਂ ਦੇ ਉਪਦੇਸ਼ਾਂ ਤੇ ਬਲਿਦਾਨ ਦੀ ਯਾਦ ਤਾਜ਼ਾ ਕੀਤੀ ਜਾ ਰਹੀ ਹੈ।

ਇਹ ਸਮਾਗਮ ਸਾਨੂੰ ਗੁਰੂ ਜੀ ਦੇ ਸੰਦੇਸ਼ "ਸਰਬੱਤ ਦਾ ਭਲਾ", ਧਰਮ ਦੀ ਆਜ਼ਾਦੀ, ਅਤੇ ਨਿਰਭਉ ਹੋ ਕੇ ਸੱਚ ਦੀ ਰਾਹ ਤੇ ਜੀਉਣ ਭਾਵ ਭੈ ਕਾਹੂ ਕੋ ਦੇਤ ਨਾਹੀ, ਨਾ ਭੈ ਮਾਨਤ ਆਨ ਨਾਲ ਜੋੜਦੇ ਹਨ। ਇਹ ਸਮਾਂ ਸਿਰਫ਼ ਉਨ੍ਹਾਂ ਦੀ ਸ਼ਹੀਦੀ ਦੀ ਯਾਦ ਨਹੀਂ ਦਿਵਾਉਂਦਾ, ਸਗੋਂ ਉਨ੍ਹਾਂ ਦੇ ਉਪਦੇਸ਼ਾਂ ਨੂੰ ਜੀਵਨ ਵਿੱਚ ਉਤਾਰਨ ਲਈ ਪ੍ਰੇਰਿਤ ਕਰਦਾ ਹੈ।ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ 350 ਸਾਲ ਪੂਰੇ ਹੋਣ ਦੇ ਸਮਾਗਮ ਨਾ ਕੇਵਲ ਸਾਨੂੰ ਆਪਣੇ ਇਤਿਹਾਸ, ਸੰਸਕਾਰ ਤੇ ਆਪਣੀ ਵਿਰਾਸਤ ਨਾਲ ਜੋੜਦੇ ਹਨ , ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਣਾਦਾਇਕ ਸਰੋਤ ਬਣਦੇ ਹਨ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਉੱਤੇ ਬੈਠੇ ਤਾਂ ਉਸ ਵੇਲੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹ ਜਹਾਂ ਨੂੰ ਕੈਦ ਕਰ ਲਿਆ ਅਤੇ ਆਪਣੇ ਭਰਾਵਾਂ ਨੂੰ ਮਾਰ ਕੇ ਹਿੰਦੁਸਤਾਨ ਦਾ ਰਾਜ ਸੰਭਾਲ ਲਿਆ। ਔਰੰਗਜ਼ੇਬ ਇੱਕ ਅੱਤਿਆਚਾਰੀ ਅਤੇ ਕੱਟੜ ਰਾਜਾ ਸੀ, ਜਿਹੜਾ ਸਾਰੇ ਹਿੰਦੁਸਤਾਨ ਵਿੱਚ ਸਿਰਫ ਮੁਸਲਮਾਨ ਧਰਮ ਦਾ ਪ੍ਰਚਾਰ ਅਤੇ ਫੈਲਾਉ ਕਰਨਾ ਚਾਹੁੰਦਾ ਸੀ। ਉਸਨੇ ਆਪਣੇ ਇਸ ਮਨੋਰਥ ਦੀ ਪੂਰਤੀ ਲਈ ਹਿੰਦੂਆਂ ਵਿੱਚ ਡਰ ਪੈਦਾ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਉੱਤੇ ਕਈ ਤਰ੍ਹਾਂ ਦੇ ਜਜ਼ੀਏ ਅਤੇ ਹੋਰ ਟੈਕਸ ਲਗਾ ਦਿੱਤੇ ਗਏ। ਹਿੰਦੂਆਂ ਨੂੰ ਧਾਰਮਿਕ ਰਸਮਾਂ ਕਰਨ ਦੀ ਮਨਾਹੀ ਕਰ ਦਿੱਤੀ ਗਈ। ਮੰਦਰ ਢਾਉਣੇ ਸ਼ੁਰੂ ਕਰ ਦਿੱਤੇ ਗਏ,ਜਿਹੜਾ ਵੀ ਬਾਦਸ਼ਾਹ ਦਾ ਹੁਕਮ ਨਾ ਮੰਨਦਾ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਣ ਲੱਗੀ।

ਹੌਲੀ ਹੌਲੀ ਜ਼ੁਲਮ ਦੀ ਹਨੇਰੀ ਕਸ਼ਮੀਰ ਵਿੱਚ ਵੀ ਜਾ ਝੁਲੀ। ਔਰੰਗਜ਼ੇਬ ਨੇ ਕਸ਼ਮੀਰ ਦਾ ਸੂਬੇਦਾਰ ਸ਼ੇਰ ਅਫਗਾਨ ਖਾਨ ਨੂੰ ਨਿਯੁਕਤ ਕਰ ਦਿੱਤਾ। ਉਹ ਔਰੰਗਜ਼ੇਬ ਨਾਲੋਂ ਵੀ ਵਧੇਰੇ ਕੱਟੜ ਸੀ। ਉਸਦੇ ਜ਼ੁਲਮ ਨੇ ਹਿੰਦੂਆਂ ਦੇ ਦਿਲ ਹਿਲਾ ਦਿੱਤੇ। ਅਸਲ ਵਿੱਚ ਔਰੰਗਜ਼ੇਬ ਨੇ 1674 ਈਸਵੀ ਦੇ ਸ਼ੁਰੂ ਵਿੱਚ ਇਹ ਫੈਸਲਾ ਕੀਤਾ ਕਿ ਗੈਰ ਮੁਸਲਮਾਨਾਂ ਨੂੰ ਇਸਲਾਮ ਦੇ ਘੇਰੇ ਵਿੱਚ ਲਿਆਉਣਾ ਹਿੰਦੁਸਤਾਨ ਦੇ ਇੱਕ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਿਰੇ ਤੋਂ ਆਰੰਭ ਕਰਨਾ ਚਾਹੀਦਾ ਹੈ ਤੇ ਸਿਰਾ ਵੀ ਉਹ ਹੋਵੇ ਜਿਸ ਦੇ ਕਾਬੂ ਆਉਣ ਨਾਲ ਬਾਕੀ ਆਪੇ ਖਿੱਚੇ ਆਉਣ। ਇਸ ਲਈ ਉਸਨੇ ਕਸ਼ਮੀਰ ਚੁਣਿਆ। ਭਾਈ ਮਨੀ ਸਿੰਘ ਜੀ ਲਿਖਦੇ ਹਨ:-

" ਏਕ ਦਿਨ ਇਸ ਵਿਚਾਰਿਆ ਇਹ ਬ੍ਰਾਹਮਣ, ਜੋ ਹੈਨ ਹਿੰਦੂਆਂ ਨੂੰ ਵਿਦਿਆ ਦਿੰਦੇ ਹਨ, ਜੇ ਪਹਿਲਾਂ ਇਹਨਾਂ ਨੂੰ ਦੀਨ ਵਿੱਚ ਲਿਆਵਾਂ ਤਾਂ ਸਭ ਹਿੰਦੂ ਧਰਮ ਤੋਂ ਹੀਣ ਹੋਏ ਆਪੇ ਮੇਰੇ ਮਜਹਬ ਵਿੱਚ ਆਵੇਹਗੇ, ਬ੍ਰਾਹਮਣਾਂ ਬਹੁਤਿਆਂ ਨੂੰ ਪਕੜ ਕੇ ਲੱਗਾ ਮੁਸਲਮਾਨ ਕਰਨ। "

ਮੈਂਕਲਿਫ ਲਿਖਦਾ ਹੈ ਕਿ ਕਸ਼ਮੀਰ ਚੁਣਨ ਦੇ ਕਈ ਕਾਰਨ ਸਨ ਪਹਿਲਾਂ ਇਹ ਸੀ ਕਿ ਕਸ਼ਮੀਰੀ ਪੰਡਿਤ ਵਿਦਵਾਨ ਕਰਕੇ ਪ੍ਰਸਿੱਧ ਸਨ ਔਰੰਗਜ਼ੇਬ ਨੇ ਸੋਚਿਆ ਕਿ ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਬਾਕੀ ਅਨਪੜ ਅਤੇ ਮੂੜ ਜਨਤਾ ਨੂੰ ਇਸਲਾਮ ਵਿੱਚ ਲਿਆਉਣਾ ਆਸਾਨ ਹੋ ਜਾਏਗਾ। ਕੁਝ ਤਾਂ ਡਰ ਕੇ ਇਸਲਾਮ ਕਬੂਲ ਕਰ ਲੈਣਗੇ ਤੇ ਬਾਕੀਆਂ ਨੂੰ ਪ੍ਰੇਰਿਆ ਜਾ ਸਕੇਗਾ। ਦੂਸਰਾ ਕਸ਼ਮੀਰ ਦੇ ਨੇੜੇ ਹੀ ਪਿਸ਼ਾਵਰ ਤੇ ਕਾਬਲ ਹਨ ਜੇ ਕਸ਼ਮੀਰੀ ਇਸਲਾਮ ਧਾਰਨ ਕਰਨ ਵਿੱਚ ਅੜਨਗੇ ਤਾਂ ਜਹਾਦ ਦਾ ਝੰਡਾ ਕਬਾਇਲੀਆਂ ਕੋਲੋਂ ਉਠਵਾ ਕੇ ਹੱਲਾ ਬੋਲ ਦਿੱਤਾ ਜਾਏਗਾ। ਤੀਸਰਾ ਕਸ਼ਮੀਰ ਦੇ ਮੁਸਲਮਾਨ ਹੋਣ ਨਾਲ ਪ੍ਰਭਾਵ ਦਾ ਖੇਤਰ ਵੀ ਵੱਧ ਜਾਏਗਾ, ਕਿਉਂਕਿ ਕਸ਼ਮੀਰ ਦੀਆਂ ਹੱਦਾਂ ਕਈ ਬਾਹਰਲੇ ਮੁਲਕਾਂ ਨਾਲ ਜਾ ਲੱਗਦੀਆਂ ਹਨ। ਚੌਥਾ ਕਸ਼ਮੀਰਾਂ ਦੇ ਪੰਡਿਤ ਪੂਜਾ ਤੇ ਪਲਣ ਵਾਲੇ ਸਨ ਸੋ ਲਾਲਚ ਦੇ ਕੇ ਬ੍ਰਾਹਮਣਾਂ ਤੇ ਪੰਡਤਾਂ ਨੂੰ ਖਿੱਚਿਆ ਜਾ ਸਕੇਗਾ।

ਸੂਰਜ ਪ੍ਰਕਾਸ਼ ਦੇ ਲਿਖਾਰੀ ਨੇ ਲਿਖਿਆ ਹੈ ਕਿ" ਸ਼ੇਰ ਅਫਗਾਨ ਖਾਨ ਨੂੰ ਇਹ ਹਦਾਇਤ ਸੀ ਕਿ ਪਹਿਲਾਂ ਧਨ ਅਤੇ ਜ਼ਮੀਨ ਦਾ ਲਾਲਚ ਦਿਓ ਅਤੇ ਮਿੱਠੀ ਜ਼ੁਬਾਨ ਰੱਖ ਕੇ ਇਸਲਾਮ ਵੱਲ ਪ੍ਰੇਰੋ ਕਿ ਮੁਸਲਮਾਨ ਹੋ ਕੇ ਸੁੱਖ ਪਾਓਗੇ ਪਰ ਇਸ ਤਰ੍ਹਾਂ ਨਾ ਮੰਨਣ ਤਾਂ ਜ਼ੋਰ ਤੇ ਜਬਰ ਦੀ ਵਰਤੋਂ ਕਰੋ। ਹਰ ਸੂਰਤ ਸ਼ਰਾ ਦਾ ਧਾਰਨੀ ਬਣਾਓ। " ਅਫਗਾਨ ਖਾਨ ਨੇ ਸਖਤੀ ਦਾ ਦੌਰ ਚਲਾ ਦਿੱਤਾ ਪਹਿਲਾਂ ਪਿੰਡਾਂ ਤੇ ਵਾਰ ਕੀਤਾ, ਮੰਦਰਾਂ ਵਿੱਚ ਜਾਣ ਦੀ ਉਸ ਮਨਾਹੀ ਕਰ ਦਿੱਤੀ। ਮੇਲਿਆਂ ਤੇ ਪਾਬੰਦੀ ਅੱਗੇ ਹੀ ਲੱਗ ਚੁੱਕੀ ਸੀ। ਸ੍ਰੀ ਸੀ.ਪੀ.ਐਨ ਬਿਜਮਈ ਨੇ ਹਿਸਟਰੀ ਆਫ ਕਸ਼ਮੀਰ ਦੇ ਪੰਨਾ 844 ਵਿੱਚ ਲਿਖਿਆ ਹੈ ਕਿ ਜਦ ਅਫਗਾਨ ਖਾਂ ਨੇ ਕਸ਼ਮੀਰ ਵਿੱਚ ਜ਼ੁਲਮਾਂ ਦੀ ਅੱਤ ਕਰ ਦਿੱਤੀ ਤਾਂ ਕੁਝ ਧਰਮੀ ਪੁਰਸ਼ ਪੰਡਤ ਰਲ ਬੈਠੇ ਅਤੇ ਅਮਰਨਾਥ ਦੀ ਯਾਤਰਾ ਤੇ ਗਏ ਕਿ ਹੁਣ ਸ਼ਿਵਜੀ ਨੂੰ ਹੀ ਪੁਕਾਰਿਆ ਜਾਵੇ ਕਿ ਉਹ ਆਪਣਾ ਤੀਸਰਾ ਨੇਤਰ ਖੋਲਣ। ਅਮਰਨਾਥ ਜੀ ਦੀ ਗੁਫਾ ਵਿੱਚ ਹੀ ਇੱਕ ਪੰਡਿਤ ਕਿਰਪਾ ਰਾਮ ਜੀ ਸਨ, ਉਹਨਾਂ ਨੂੰ ਸੁਪਨੇ ਵਿੱਚ ਸ਼ਿਵਜੀ ਦੇ ਦਰਸ਼ਨ ਹੋਏ ਤੇ ਉਹਨਾਂ ਨੇ ਕਿਹਾ ਕਿ ਪੰਜਾਬ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਕੋਲ ਜਾਓ ਅਤੇ ਉਹਨਾਂ ਨੂੰ ਬਾਂਹ ਪਕੜਨ ਦੀ ਬੇਨਤੀ ਕਰੋ ਕਿ ਹਿੰਦੂ ਧਰਮ ਦੀ ਰੱਖਿਆ ਕਰਨ। ਜਦੋਂ ਇਹ ਗੱਲ ਪੰਡਿਤ ਕਿਰਪਾ ਰਾਮ ਜੀ ਨੇ ਆਪਣੇ ਸਾਥੀਆਂ ਨੂੰ ਦੱਸੀ ਤਾਂ ਉਹ ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ ਹੇਠ ਪੰਜਾਬ ਵੱਲ ਚੱਲ ਪਏ। ਉੱਥੇ ਉਹਨਾਂ ਨੂੰ ਪਤਾ ਲੱਗਾ ਕਿ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਵਿੱਚ ਹਨ।

ਕਸ਼ਮੀਰੀ ਪੰਡਿਤ ਪਹਾੜਾਂ ਦੇ ਉੱਚੇ ਨੀਵੇਂ ਰਸਤਿਆਂ ਰਾਹੀਂ ਲੁਕ ਛਿਪ ਕੇ ਰਾਤ ਸਫਰ ਕਰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪੁੱਜੇ, ਉਹਨਾਂ ਦੀ ਦਸ਼ਾ ਬਹੁਤ ਮਾੜੀ ਸੀ, ਅਨੰਦਪੁਰ ਦੇ ਪਹਾੜੀ ਰਕਬੇ ਵਿੱਚ ਪੁੱਜ ਕੇ ਉਹਨਾਂ ਦੇ ਦਿਲ ਨੂੰ ਕੁਝ ਧਰਵਾਸ ਆਈ ਗੁਰੂ ਜੀ ਦੇ ਸੇਵਕਾਂ ਨੇ ਉਨਾਂ ਨੂੰ ਗੁਰੂ ਕੇ ਲੰਗਰੋ ਪ੍ਰਸ਼ਾਦ ਛਕਾਇਆ, ਨਵੇਂ ਬਸਤਰ ਪਹਿਨਣ ਨੂੰ ਦਿੱਤੇ ਅਤੇ ਦੂਸਰੇ ਦਿਨ ਉਹਨਾਂ ਨੂੰ ਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਕੀਤਾ ਗਿਆ। ਪੰਡਤ ਕਿਰਪਾ ਰਾਮ ਹੱਥ ਜੋੜ ਕੇ ਖੜਾ ਹੋ ਗਿਆ ਤੇ ਉਸ ਦੀਆਂ ਅੱਖਾਂ ਵਿੱਚੋਂ ਅਥਰੂ ਕਿਰ ਰਹੇ ਸਨ ਅਤੇ ਉਹ ਘਬਰਾਈ ਆਵਾਜ਼ ਨਾਲ ਬੋਲਿਆ," ਸੱਚੇ ਪਾਤਸ਼ਾਹ ਅਸਾਂ ਦੇ ਦੁੱਖ ਦੀ ਕਹਾਣੀ ਤਾਂ ਇਨੀ ਲੰਬੀ ਹੈ ਕਿ ਸੁਣਾਉਣੀ ਔਖੀ ਹੈ, ਪਰ ਇਹੋ ਕਹਿੰਦੇ ਹਾਂ ਕਿ ਅਸੀਂ ਬਹੁਤ ਦੁਖੀ ਕੀਤੇ ਗਏ ਹਾਂ। ਔਰੰਗਜ਼ੇਬ ਦਾ ਰਾਜ ਹੈ, ਉਹ ਸੁੰਨੀ ਮੁਸਲਮਾਨ ਹੈ ਤੇ ਉਸਨੇ ਜਹਾਦ ਸ਼ੁਰੂ ਕੀਤਾ ਹੈ ਕਿ ਸਾਰੀ ਦੁਨੀਆ ਨੂੰ ਮੁਸਲਮਾਨ ਬਣਾਏਗਾ। ਇਸ ਵਾਸਤੇ ਉਸਦਾ ਨਾਮ ਮੁਸਲਮਾਨਾਂ ਨੇ ਆਲਮਗੀਰ ਬਾਦਸ਼ਾਹ ਗ਼ਾਜ਼ੀ ਰੱਖ ਦਿੱਤਾ ਹੈ। ਉਸ ਦਾ ਭੇਜਿਆ ਹੋਇਆ ਨਵਾਂ ਹਾਕਮ ਕਸ਼ਮੀਰ ਗਿਆ ਹੈ, ਉਸਨੇ ਸਭ ਨੂੰ ਮੁਸਲਮਾਨ ਕਰਨਾ ਆਰੰਭ ਕਰ ਦਿੱਤਾ ਹੈ, ਜੋ ਮੁਸਲਮਾਨ ਨਹੀਂ ਬਣਦਾ ਉਸ ਨੂੰ ਕਤਲ ਕਰ ਦਿੱਤਾ ਜਾਂਦਾ ਹੈ ਅਤੇ ਉਸਦਾ ਘਰ ਪਰਿਵਾਰ ਤੇ ਜਾਇਦਾਦ ਲੁੱਟ ਲਈ ਜਾਂਦੀ ਹੈ। ਮੰਦਰ ਢਾਹ ਦਿੱਤੇ ਗਏ ਹਨ, ਤਿਲਕ ਅਤੇ ਜੰਞੂ ਦਾ ਨਾਸ਼ ਹੋ ਰਿਹਾ ਹੈ, ਸੰਸਾਰ ਦਾ ਸਵਰਗ ਕਸ਼ਮੀਰ ਨਰਕ ਦਾ ਅਗਨ ਕੁੰਡ ਬਣ ਗਿਆ ਹੈ। ਮਾਸੂਮਾਂ ਦੀਆਂ ਚੀਕਾਂ ਤੇ ਪੁਕਾਰਾਂ ਸੁਣੀਆਂ ਨਹੀਂ ਜਾਂਦੀਆਂ। ਹੇ ਦਾਤਾ ਦਯਾ ਕਰੋ, ਅਸਾਂ ਨੂੰ ਬਚਾਓ, ਹਿੰਦੂ ਧਰਮ ਨੂੰ ਬਚਾਓ। ਦਿਆਲੂ ,ਕਿਰਪਾਲੂ ਆਪ ਤਾਂ ਸਤਿਗੁਰ ਨਾਨਕ ਦੇਵ ਜੀ ਦੀ ਉਸ ਗੁਰਗੱਦੀ ਤੇ ਬਿਰਾਜਮਾਨ ਹੋ, ਜਿਸ ਦੇ ਦਰਬਾਰ ਵਿੱਚੋਂ ਕੋਈ ਨਿਰਾਸ਼ ਨਹੀਂ ਸੀ ਗਿਆ ਬਾਬਰ ਦੇ ਜ਼ੁਲਮਾਂ ਨੂੰ ਰੋਕਿਆ, ਧਰਮ ਰੱਖਿਆ ਵਾਸਤੇ ਆਪਦੇ ਵਡੇਰੇ ਗੁਰੂ ਸਾਹਿਬਾਨ ਨੇ ਜ਼ੁਲਮ ਦੇ ਵਿਰੁੱਧ ਆਪਣੇ ਆਪ ਦਾ ਬਲਦਾਨ ਕੀਤਾ। ਇਸ ਸਮੇਂ ਵੀ ਡੁੱਬਦਾ ਭਾਰਤ ਬਚਾਓ, ਤਿਲਕ ਜੰਞੂ ਦੀ ਰਾਖੀ ਕਰੋ।" ਗੁਰੂ ਤੇਗ ਬਹਾਦਰ ਜੀ ਨੇ ਠਰੰਮੇ ਨਾਲ ਉਹਨਾਂ ਦੀ ਸਾਰੀ ਗੱਲ ਸੁਣੀ ਅਤੇ ਕਿਹਾ ਇਸ ਕਾਰਜ ਲਈ ਕਿਸੇ ਮਹਾਨ ਵਿਅਕਤੀ ਦੀ ਕੁਰਬਾਨੀ ਚਾਹੀਦੀ ਹੈ ਨੇੜੇ ਹੀ ਖੇਡ ਰਹੇ ਬਾਲਾ ਪ੍ਰੀਤਮ ਗੋਬਿੰਦ ਰਾਏ ਨੇ ਜਦੋਂ ਆਪਣੇ ਪਿਤਾ ਦੀ ਇਸ ਗੱਲ ਨੂੰ ਸੁਣਿਆ ਤਾਂ ਉਹਨਾਂ ਨੇ ਕਿਹਾ ਕਿ," ਪਿਤਾ ਜੀ ਤੁਹਾਡੇ ਤੋਂ ਮਹਾਨ ਮਨੁੱਖ ਇਸ ਸਮੇਂ ਕਿਹੜਾ ਹੋ ਸਕਦਾ ਹੈ?" ਸਤਿਗੁਰ ਤੇਗ ਬਹਾਦਰ ਜੀ ਨੂੰ ਪਰਮਾਤਮਾ ਦੀ ਰਜ਼ਾ ਸਮਝ ਆ ਚੁੱਕੀ ਸੀ। ਉਹਨਾਂ ਨੇ ਆਪਣਾ ਵਾਰਸ ਗੋਬਿੰਦ ਰਾਏ ਨੂੰ ਬਣਾਉਣ ਦਾ ਨਿਸ਼ਚਾ ਕੀਤਾ ਅਤੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ, "ਜਾਓ ਔਰੰਗਜ਼ੇਬ ਨੂੰ ਕਹਿ ਦਿਓ ਕਿ ਸਾਡੇ ਗੁਰੂ ਤੇਗ ਬਹਾਦਰ ਜੀ ਹਨ ਜੇ ਉਹ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਸਾਰੇ ਵੀ ਮੁਸਲਮਾਨ ਬਣਨ ਲਈ ਤਿਆਰ ਹਾਂ।"


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਕਸ਼ਮੀਰੀ ਪੰਡਿਤ ਤਸੱਲੀ ਲੈ ਕੇ ਕਸ਼ਮੀਰ ਵਾਪਸ ਆਏ। ਸੂਬੇ ਦੇ ਗਵਰਨਰ ਨੂੰ ਉਹਨਾਂ ਨੇ ਸਾਰੀ ਵਿਥਿਆ ਸੁਣਾਈ ਅਤੇ ਕਿਹਾ ਕਿ "ਗੁਰੂ ਤੇਗ ਬਹਾਦਰ ਨੂੰ ਪ੍ਰਥਮ ਸ਼ਰਾ ਮਹਿ ਲਿਆਵੋ, ਅਸੀਂ ਸਾਰੇ ਹੀ ਆਪੇ ਸ਼ਰਾ ਵਿੱਚ ਆ ਜਾਵਾਂਗੇ। ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਹਨ ਅਤੇ ਸਾਰੀ ਹਿੰਦੂ ਜਾਤੀ ਉਹਨਾਂ ਦੇ ਪਿੱਛੇ ਹੈ।" ਸ਼ੇਰ ਅਫਗਾਨ ਖਾਨ ਨੇ ਇਹ ਸੁਨੇਹਾ ਔਰੰਗਜ਼ੇਬ ਤੱਕ ਪਹੁੰਚਾ ਦਿੱਤਾ। ਗੁਰੂ ਸਾਹਿਬ ਨੇ ਦਿੱਲੀ ਜਾਣ ਦੀ ਤਿਆਰੀ ਆਰੰਭ ਦਿੱਤੀ. ਗੁਰੂ ਤੇਗ ਬਹਾਦਰ ਜੀ ਦਾ" ਧਰਮ ਹੇਤ ਸਾਕਾ ਕਰਨ "ਦਾ ਨਾਂ ਸੁਣ ਕੇ ਸੰਗਤਾਂ ਨੇ ਅਨੰਦਪੁਰ ਵੱਲ ਵਹੀਰਾਂ ਘੱਤ ਦਿੱਤੀਆਂ। ਗੁਰਗੱਦੀ ਦੀ ਜਿੰਮੇਵਾਰੀ ਆਪ ਜੀ ਨੇ 8 ਜੁਲਾਈ 1675 ਨੂੰ ਗੋਬਿੰਦ ਰਾਏ ਨੂੰ ਸੌਂਪ ਦਿੱਤੀ ਅਤੇ 11 ਜੁਲਾਈ ਨੂੰ ਆਪ ਜੀ ਪੰਜ ਸਿੱਖਾਂ ਸਮੇਤ ਦਿੱਲੀ ਵੱਲ ਚੱਲ ਪਏ। ਸੰਗਤ ਹੋਰ ਵੀ ਨਾਲ ਚੱਲਣਾ ਚਾਹੁੰਦੀ ਸੀ, ਪਰ ਗੁਰੂ ਸਾਹਿਬ ਨੇ ਮਨਾ ਕਰ ਦਿੱਤਾ। ਗੁਰੂ ਸਾਹਿਬ ਰਸਤੇ ਵਿੱਚ ਮਿਲਦੀ ਸੰਗਤ ਨਾਲ ਵਿਚਾਰਾਂ ਕਰਦੇ ਹੋਏ ਆਗਰੇ ਪਹੁੰਚੇ। ਇੱਥੇ ਹੀ ਸ਼ੇਰ ਅਫਗਾਨ ਖਾਨ ਨੇ ਸਿੱਖਾਂ ਸਮੇਤ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਅਤੇ ਆਗਰੇ ਦੀ ਜੇਲ ਵਿੱਚ ਕੈਦ ਕਰ ਦਿੱਤਾ ਗਿਆ। ਗੁਰੂ ਜੀ ਦੀ ਗ੍ਰਿਫਤਾਰੀ ਹੋਣ ਸਮੇਂ ਤੋਂ ਹੀ ਆਗਰੇ ਤੋਂ ਇੱਕ ਚਿੱਠੀ ਔਰੰਗਜ਼ੇਬ ਵੱਲ ਦਿੱਲੀ ਭੇਜੀ ਗਈ ਅਤੇ ਅੱਗੇ ਦੇ ਹੁਕਮ ਪੁੱਛੇ ਗਏ। ਉਹ ਚਿੱਠੀ ਜਦੋਂ ਔਰੰਗਜ਼ੇਬ ਨੂੰ ਮਿਲੀ ਤਾਂ ਉਸੇ ਵੇਲੇ ਉਸਨੇ ਫਰਮਾਨ ਜਾਰੀ ਕਰ ਦਿੱਤਾ ਕਿ ਤੇਗ ਬਹਾਦਰ ਜੀ ਨੂੰ ਜਿੰਨੀ ਛੇਤੀ ਹੋਏ ਦਿੱਲੀ ਪਹੁੰਚਾ ਦਿੱਤਾ ਜਾਏ, ਉਹਨਾਂ ਦੇ ਮੁਕੱਦਮੇ ਦੀ ਸੁਣਵਾਈ ਦਿੱਲੀ ਹੋਏਗੀ ਅਤੇ ਬਾਦਸ਼ਾਹ ਸਲਾਮਤ ਆਪ ਮੁਕੱਦਮੇ ਦੀ ਸਾਰੀ ਕਾਰਵਾਈ ਸੁਣਨਗੇ। ਆਗਰੇ ਦੀ ਜੇਲ ਤੋਂ ਗੁਰੂ ਜੀ ਨੂੰ ਚਾਂਦਨੀ ਚੌਂਕ ਦੀ ਕੋਤਵਾਲੀ ਵਿੱਚ ਲੋਹੇ ਦੇ ਪਿੰਜਰੇ ਵਿੱਚ ਪਾ ਕੇ ਰੱਖਿਆ ਗਿਆ। ਔਰੰਗਜ਼ੇਬ ਦੇ ਦਰਬਾਰ ਵਿੱਚ ਉਹਨਾਂ ਨੂੰ ਦੀਨ ਵਿੱਚ ਆਉਣ ਜਾਂ ਕਰਾਮਾਤ ਦਿਖਾਉਣ ਲਈ ਕਈ ਵਾਰ ਕਿਹਾ ਗਿਆ ਪਰ ਆਪ ਜੀ ਨੇ ਬਚਨ ਕੀਤਾ,

> "ਜੋ ਆਪਣੇ ਘਰ ਰਹੇ ਸੋ ਦੀਨ ਕਹਾਵੇ, ਦੂਜੇ ਘਰ ਬੇਦੀਨ ਅਖਾਵੇ।"

ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਵੱਲੋਂ ਮੁਸਲਿਮ ਧਰਮ ਨੂੰ ਅਪਣਾਉਣ ਦੇ ਕਈ ਲਾਲਚ ਦਿੱਤੇ ਗਏ, ਪਰ ਜਦੋਂ ਗੁਰੂ ਸਾਹਿਬ ਤੇ ਉਸਦੀ ਕਿਸੇ ਗੱਲ ਦਾ ਕੋਈ ਅਸਰ ਨਾ ਹੋਇਆ ਤਾਂ ਉਸਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਹਨਾਂ ਦੇ ਸਿੱਖਾਂ ਨੂੰ ਸਖਤ ਸਜਾਵਾਂ ਦੇਣ ਦਾ ਐਲਾਨ ਕੀਤਾ।

ਭਾਈ ਮਤੀ ਦਾਸ ਜੀ ਦੀ ਸ਼ਹੀਦੀ:-ਭਾਈ ਮਤੀ ਦਾਸ ਜੀ ਪਿੰਡ ਕਰਿਆਲਾ ਜਿਲਾ ਜਿਹਲਮ ਦੇ ਵਸਨੀਕ ਸਨ। ਆਪ ਦੇ ਪਿਤਾ ਦਾ ਨਾਮ ਭਾਈ ਪਰਾਗਾ ਜੀ ਸੀ। ਭਾਈ ਪਰਾਗਾ ਜੀ, ਗੁਰੂ ਹਰਗੋਬਿੰਦ ਸਾਹਿਬ ਦੀ ਫੌਜ ਵਿੱਚ ਜਥੇਦਾਰ ਸਨ, ਜਿਹੜੇ ਉਸ ਸਮੇਂ ਮੁਗਲਾਂ ਨਾਲ ਹੋਈ ਜੰਗ ਵਿੱਚ ਸਖਤ ਜ਼ਖ਼ਮੀ ਹੋ ਗਏ ਸਨ ਅਤੇ ਜਲਦੀ ਹੀ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਪਰਿਵਾਰ ਗੁਰੂ ਘਰ ਨਾਲ ਜੁੜਿਆ ਹੋਇਆ ਸੀ।ਜਦੋਂ ਭਾਈ ਮਤੀ ਦਾਸ ਜੀ ਗੁਰੂ ਤੇਗ ਬਹਾਦਰ ਜੀ ਕੋਲ ਬਾਬਾ ਬਕਾਲਾ ਵਿਖੇ ਦਰਸ਼ਨਾਂ ਲਈ ਆਏ ਤਾਂ ਆਪਣਾ ਸਾਰਾ ਜੀਵਨ ਸਤਿਗੁਰੂ ਨੂੰ ਅਰਪਣ ਕਰ ਦਿੱਤਾ, ਬਹੁਤ ਸਮਾਂ ਗੁਰੂ ਜੀ ਦੇ ਨੇੜੇ ਰਹੇ। ਗੁਰੂ ਜੀ ਨੇ ਭਾਈ ਮਤੀ ਦਾਸ ਨੂੰ ਦੀਵਾਨ ਥਾਪਿਆ। ਭਾਈ ਮਤੀ ਦਾਸ ਦੀ ਗੁਰੂ ਤੇਗ ਬਹਾਦਰ ਜੀ ਨਾਲ ਬਿਹਾਰ, ਬੰਗਾਲ ਤੇ ਅਸਾਮ ਦੇ ਪ੍ਰਚਾਰ ਦੌਰੇ ਤੇ ਵੀ ਗਏ ਸਨ।

ਮੁਗਲ ਹਕੂਮਤ ਨੇ ਫੈਸਲਾ ਕੀਤਾ ਕਿ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਸ਼ਹੀਦ ਕੀਤਾ ਜਾਵੇ। ਸਾਰੇ ਸ਼ਹਿਰ ਵਿੱਚ ਢੰਡੋਰਾ ਪਿਟਵਾਇਆ ਗਿਆ, ਭਾਰੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਭਾਈ ਮਤੀ ਦਾਸ ਜੀ ਨੂੰ ਕੋਤਵਾਲੀ ਵਿੱਚੋਂ ਬਾਹਰ ਲਿਆਂਦਾ ਗਿਆ। ਉਹਨਾਂ ਨੂੰ ਸਭ ਤੋਂ ਪਹਿਲਾਂ ਲਾਲਚ ਦਿੰਦੇ ਹੋਏ ਕਿਹਾ ਕਿ ਤੁਸੀਂ ਇਸਲਾਮ ਕਬੂਲ ਕਰ ਲਵੋ, ਤੁਹਾਨੂੰ ਹਰ ਤਰ੍ਹਾਂ ਦੀ ਸੁੱਖ ਸਹੂਲਤ ਦਿੱਤੀ ਜਾਏਗੀ, ਪਰ ਜੇ ਤੁਸੀਂ ਇਸਲਾਮ ਕਬੂਲ ਨਹੀਂ ਕਰੋਗੇ ਤਾਂ ਆਰੇ ਨਾਲ ਚੀਰ ਕੇ ਤੁਹਾਡੇ ਦੋ ਟੁਕੜੇ ਕਰ ਦਿੱਤੇ ਜਾਣਗੇ। ਭਾਈ ਮਤੀ ਦਾਸ ਜੀ ਨੇ ਉੱਤਰ ਦਿੱਤਾ," ਮੈਂ ਆਪਣੇ ਧਰਮ ਤੋਂ ਸੈਂਕੜੇ ਸਵਰਗ ਵਾਰ ਸਕਦਾ ਹਾਂ, ਮੈਨੂੰ ਧਰਮ ਦੇ ਰਸਤੇ ਵਿੱਚ ਹੀ ਸਵਰਗ ਨਜ਼ਰ ਆਉਂਦਾ ਹੈ।" ਜਦੋਂ ਭਾਈ ਮਤੀ ਦਾਸ ਕਿਸੇ ਲਾਲਚ ਵਿੱਚ ਨਾ ਫਸੇ ਅਤੇ ਧਰਮ ਦੀ ਤਬਦੀਲੀ ਲਈ ਵੀ ਤਿਆਰ ਨਾ ਹੋਏ ਤਾਂ ਕਾਜ਼ੀ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੋ ਫਾੜ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਤੋਂ ਅੰਤਿਮ ਇੱਛਾ ਪੁੱਛੀ ਗਈ ਕਿ ਤੁਸੀਂ ਕੀ ਚਾਹੁੰਦੇ ਹੋ? ਤਾਂ ਭਾਈ ਮਤੀ ਦਾਸ ਜੀ ਨੇ ਉੱਤਰ ਦਿੱਤਾ "ਮੇਰੇ ਸੀਸ ਤੇ ਆਰਾ ਰੱਖਣ ਸਮੇਂ ਮੇਰਾ ਮੂੰਹ, ਗੁਰੂ ਸਾਹਿਬ ਵੱਲ ਕਰ ਦੇਣਾ ਤਾਂ ਕਿ ਮੈਂ ਆਪਣੇ ਅੰਤਲੇ ਸਮੇਂ ਆਪਣੇ ਪ੍ਰੀਤਮ ਦੇ ਦਰਸ਼ਨ ਕਰ ਸਕਾਂ ਬਸ ਇਹੀ ਮੇਰੀ ਇੱਛਾ ਹੈ।" ਇਸੇ ਤਰ੍ਹਾਂ ਕੀਤਾ ਗਿਆ। ਅੱਠ ਨਵੰਬਰ 1675 ਨੂੰ ਭਾਈ ਸਾਹਿਬ ਦੇ ਸੀਸ ਤੇ ਆਰਾ ਚੱਲਣਾ ਸ਼ੁਰੂ ਹੋਇਆ, ਖ਼ੂਨ ਦੀਆਂ ਧਾਰਾਂ ਦੂਰ ਦੂਰ ਤੱਕ ਵਗਣ ਲੱਗੀਆਂ। ਖ਼ੂਨ ਦੇ ਪਰਨਾਲੇ ਛੁੱਟ ਗਏ ਪਰ ਵੇਖਣ ਵਾਲੇ ਲੋਕ ਹੈਰਾਨ ਰਹਿ ਗਏ ਕਿ ਭਾਈ ਸਾਹਿਬ ਨੂੰ ਜ਼ਰਾ ਵੀ ਘਬਰਾਹਟ ਨਹੀਂ ਸੀ, ਜਿਵੇਂ ਜਿਵੇਂ ਆਰਾ ਚੱਲ ਰਿਹਾ ਸੀ, ਚਿਹਰੇ ਤੇ ਜਲਾਲ ਵੱਧਦਾ ਜਾ ਰਿਹਾ ਸੀ। ਵੇਖਣ ਵਾਲਿਆਂ ਦੇ ਰੋਂਗਟੇ ਖੜੇ ਹੋ ਗਏ। ਇਸ ਤਰ੍ਹਾਂ ਦੀ ਸ਼ਹੀਦੀ ਉਹਨਾਂ ਨੇ ਪਹਿਲਾਂ ਕਦੇ ਨਹੀਂ ਸੀ ਵੇਖੀ। ਆਰੇ ਦਾ ਚੀਰ ਭਾਈ ਸਾਹਿਬ ਦੀ ਸਮਾਧੀ ਨੂੰ ਭੰਗ ਨਾ ਕਰ ਸਕਿਆ। ਭਾਈ ਮਤੀ ਦਾਸ ਜੀ ਦਾ ਸਰੀਰ ਦੋ ਫਾੜ ਹੋ ਗਿਆ ਤੇ ਉਹਨਾਂ ਦੀ ਆਤਮਾ ਰੂਪੀ ਭੌਰ ਉਡਾਰੀ ਮਾਰ ਗਿਆ। ਦੁਨੀਆਂ ਦੇ ਇਤਿਹਾਸ ਵਿੱਚ ਭਾਈ ਸਾਹਿਬ ਦੀ ਸ਼ਹਾਦਤ ਬੇਮਿਸਾਲ ਹੈ।

ਭਾਈ ਦਿਆਲਾ ਜੀ ਦੀ ਸ਼ਹੀਦੀ:-ਭਾਈ ਦਿਆਲਾ ਜੀ ਉਹਨਾਂ ਤਿੰਨ ਸਿਦਕਵਾਨ ਸਿੱਖਾਂ ਵਿੱਚੋਂ ਹਨ, ਜਿਨਾਂ ਨੂੰ ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦਾ ਜਨਮ ਪਿੰਡ ਮਨੀਪੁਰ ਜਿਲ੍ਹਾ ਮੁਜ਼ੱਫਰਗੜ੍ਹ ਵਿਖੇ ਭਾਈ ਮਾਈ ਦਾਸ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਮਧੁਰੀ ਬਾਈ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਤੇ ਬੈਠਣ ਮਗਰੋਂ ਪੂਰਬ ਵਾਲੇ ਪਾਸੇ ਪ੍ਰਚਾਰ ਦੌਰੇ ਤੇ ਨਿਕਲੇ ਤਾਂ ਭਾਈ ਦਿਆਲਾ ਜੀ ਆਪਜੀ ਦੇ ਨਾਲ ਸਨ। ਪਟਨਾ ਸਾਹਿਬ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਰਿਵਾਰ ਨੂੰ ਇੱਥੇ ਹੀ ਰਹਿਣ ਦਾ ਹੁਕਮ ਦਿੱਤਾ ਤੇ ਅਸਾਮ ਲਈ ਅੱਗੇ ਚੱਲ ਪਏ। ਪਟਨਾ ਸਾਹਿਬ ਵਿਖੇ ਗੁਰੂ ਪਰਿਵਾਰ ਦੀ ਸੇਵਾ ਦੀ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜ਼ੁੰਮੇਵਾਰੀ ,ਆਪ ਜੀ ਨੂੰ ਸੌਂਪੀ ਗਈ। ਆਪ ਨਾਮ ਬਾਣੀ ਦੇ ਰਸੀਏ, ਪੱਕੇ ਇਰਾਦੇ ਵਾਲੇ ਗੁਰਸਿੱਖ, ਨੇਕ ਅਤੇ ਇਮਾਨਦਾਰ ਮਹਾਂਪੁਰਸ਼ ਸਨ। ਗੁਰੂ ਤੇਗ ਬਹਾਦਰ ਜੀ ਆਪ ਦੀ ਬੜੀ ਕਦਰ ਕਰਿਆ ਕਰਦੇ ਸਨ। ਇਸ ਗੱਲ ਦਾ ਸਬੂਤ ਗੁਰੂ ਤੇਗ ਬਹਾਦਰ ਜੀ ਦੁਆਰਾ ਲਿਖੇ ਗਏ ਹੁਕਮਨਾਮਿਆਂ ਤੋਂ ਵੀ ਮਿਲਦਾ ਹੈ।

ਮੁਗਲ ਹਾਕਮ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਡਰਾ ਕੇ ਜਾਂ ਲਾਲਚ ਦੇ ਕੇ ਆਪ ਨੂੰ ਇਸਲਾਮ ਦੇ ਦਾਇਰੇ ਵਿੱਚ ਲੈ ਆਈਏ, ਜਦੋਂ ਸਾਰੇ ਉਹਨਾਂ ਦੇ ਯਤਨ ਫੇਲ ਹੋ ਗਏ ਤਾਂ ਉਹਨਾਂ ਨੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾਏ ਜਾਣ ਦਾ ਹੁਕਮ ਕਰ ਦਿੱਤਾ। ਭਾਈ ਦਿਆਲਾ ਜੀ ਫਤਵਾ ਸੁਣ ਕੇ ਗੁਰੂ ਜੀ ਪਾਸੋਂ ਆਗਿਆ ਮੰਗਣ ਆਏ ਤਾਂ ਗੁਰੂ ਜੀ ਨੇ ਕਿਹਾ," ਭਾਈ ਤੁਸਾਂ ਦੀ ਕਮਾਈ ਸਫਲ ਹੋ ਗਈ ਹੈ, ਜਿਸ ਕਾਰਨ ਤੁਹਾਡੀ ਵਾਰੀ ਮੇਰੇ ਤੋਂ ਪਹਿਲਾਂ ਆ ਗਈ ਹੈ, ਤੁਸੀਂ ਧੰਨ ਹੋ ਤੇ ਤੁਹਾਡਾ ਸਿਦਕ ਧੰਨ ਹੈ। ਮੇਰੇ ਲਈ ਇਸ ਤੋਂ ਵੱਧ ਹੋਰ ਕਿਹੜੀ ਖੁਸ਼ੀ ਵਾਲੀ ਗੱਲ ਹੋ ਸਕਦੀ ਹੈ ਕਿ ਗੁਰੂ ਘਰ ਦੇ ਸੇਵਕ, ਮਨੁੱਖੀ ਹਿਤਾਂ ਦੀ ਰਾਖੀ ਲਈ, ਮੇਰੇ ਨਾਲੋਂ ਵੀ ਪਹਿਲਾਂ ਜਾਨਾਂ ਵਾਰ ਰਹੇ ਹਨ, ਆਪ ਨੂੰ ਅਕਾਲ ਪੁਰਖ ਸਫਲਤਾ ਬਖਸ਼ੇ। "

ਕਾਜ਼ੀਆਂ ਨੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾਉਣ ਤੋਂ ਪਹਿਲਾਂ ਫਿਰ ਕਿਹਾ," ਅਜੇ ਵੀ ਸਮਾਂ ਹੈ, ਇਸਲਾਮ ਕਬੂਲ ਕਰ ਲਓ ਤੇ ਦੁੱਖਾਂ ਤੋਂ ਬਚ ਜਾਓ।" ਭਾਈ ਦਿਆਲਾ ਜੀ ਨੇ ਉੱਤਰ ਦਿੱਤਾ," ਜਲਦੀ ਕਰੋ, ਮੇਰੀ ਆਤਮਾ ਨੂੰ ਪਰਮਾਤਮਾ ਵਿੱਚ ਮਿਲਣ ਦਿਓ।" ਭਾਈ ਦਿਆਲਾ ਜੀ ਦੇ ਨਾਂਹ ਕਰਨ ਤੇ ਉਹਨਾਂ ਨੂੰ ਜਲਾਦਾਂ ਨੇ ਉਬਲਦੇ ਪਾਣੀ ਦੀ ਦੇਗ ਵਿੱਚ ਬੈਠਣ ਦਾ ਹੁਕਮ ਦਿੱਤਾ। ਉਹ ਪਾਣੀ ਦੀ ਦੇਗ ਵਿੱਚ ਅਡੋਲ ਚਿੱਤ ਬੈਠ ਗਏ,ਉਹਨਾਂ ਦੀ ਆਤਮਾ, ਪਰਮਾਤਮਾ ਦੇ ਵਿੱਚ ਸਮਾ ਗਈ। ਭਾਈ ਦਿਆਲਾ ਜੀ ਨੂੰ ਗੁਰੂ ਤੇਗ ਬਹਾਦਰ ਜੀ ਤੋਂ ਦੋ ਦਿਨ ਪਹਿਲਾਂ 9 ਨਵੰਬਰ 1675 ਵਾਲੇ ਦਿਨ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਅੰਤਲੇ ਸਵਾਸਾਂ ਤੱਕ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ। ਇਸ ਧਰਮਵੀਰ ਨੇ ਇਸ ਅੱਤ ਦੇ ਸਰੀਰਕ ਦੁੱਖ ਨੂੰ ਤੁੱਛ ਕਰਕੇ ਜਾਣਿਆ ਅਤੇ ਗੁਰਬਾਣੀ ਦਾ ਪਾਠ ਕਰਦਿਆਂ ਹੋਇਆ ਗੁਰ ਪੁਰੀ ਨੂੰ ਸਿਧਾਰ ਗਏ।

ਭਾਈ ਸਤੀ ਦਾਸ ਜੀ ਦੀ ਸ਼ਹੀਦੀ: ਭਾਈ ਸਤੀ ਦਾਸ ਜੀ ਭਾਈ ਮਤੀ ਦਾਸ ਜੀ ਦੇ ਭਰਾ ਸਨ। ਆਪ ਵੀ ਪਿੰਡ ਕਰਿਆਲਾ ਜਿਲਾ ਜਿਹਲਮ ਦੇ ਰਹਿਣ ਵਾਲੇ ਸਨ। ਆਪ ਦਾ ਸਾਰਾ ਪਰਿਵਾਰ ਗੁਰੂ ਘਰ ਨਾਲ ਜੁੜੇ ਹੋਣ ਕਾਰਨ ਔਰੰਗਜ਼ੇਬ ਦੇ ਸੱਦਣ ਤੇ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ ਤਾਂ ਭਾਈ ਸਤੀ ਦਾਸ ਤੇ ਭਾਈ ਮਤੀ ਦਾਸ ਵੀ ਉਹਨਾਂ ਦੇ ਨਾਲ ਸਨ। 30 ਮਾਰਚ 1664 ਈਸਵੀ ਨੂੰ ਗੁਰੂ ਹਰਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਦੋਵੇਂ ਭਰਾ ਬਾਬਾ ਬਕਾਲਾ ਪੁੱਜ ਗਏ। ਗੁਰੂ ਤੇਗ ਬਹਾਦਰ ਜੀ ਦੇ ਗੁਰੂ ਰੂਪ ਵਿੱਚ ਪ੍ਰਗਟ ਹੋਣ ਉੱਪਰ ਦੋਵੇਂ ਭਾਈ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਗੁਰੂ ਘਰ ਦੇ ਦੀਵਾਨ ਦੁਰਗਾ ਮਲ ਜੀ ਦੇ ਕਹਿਣ ਤੇ ਗੁਰੂ ਜੀ ਨੇ ਭਾਈ ਮਤੀ ਦਾਸ ਨੂੰ ਦੀਵਾਨ ਤੇ ਭਾਈ ਸਤੀ ਦਾਸ ਨੂੰ ਵਜ਼ੀਰ ਦੀ ਸੇਵਾ ਸੌਂਪ ਦਿੱਤੀ। ਭਾਵ ਆਪ ਗੁਰੂ ਘਰ ਦੇ ਲਿਖਾਰੀ ਸਨ। ਗੁਰੂ ਤੇਗ ਬਹਾਦਰ ਜੀ ਦੇ ਮੂੰਹ ਵਿੱਚੋਂ ਨਿਕਲੇ ਸਾਰੇ ਬਚਨ ਭਾਈ ਸਤੀ ਦਾਸ ਜੀ ਨੋਟ ਕਰਦੇ ਸਨ। ਕਿਹਾ ਜਾਂਦਾ ਹੈ ਕਿ ਦਿੱਲੀ ਦੀ ਕੈਦ ਵਿੱਚ ਵੀ ਗੁਰੂ ਤੇਗ ਬਹਾਦਰ ਜੀ ਦੇ ਅਨੇਕਾਂ ਬਚਨ ਭਾਈ ਸਤੀ ਦਾਸ ਨੇ ਲਿਖ ਲਏ ਸਨ ਪਰ ਮੁਗਲ ਸਿਪਾਹੀਆਂ ਨੇ ਉਹਨਾਂ ਕੋਲੋਂ ਉਹ ਖੋਹ ਕੇ ਪਾੜ ਦਿੱਤੇ। ਭਾਈ ਮਤੀਦਾਸ ਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਤੋਂ ਮਗਰੋਂ ਕਾਜ਼ੀਆਂ ਨੇ 10 ਨਵੰਬਰ 1675 ਨੂੰ ਭਾਈ ਸਤੀ ਦਾਸ ਨੂੰ ਰੂਮ ਵਿੱਚ ਲਪੇਟ ਕੇ ਸਾੜੇ ਜਾਣ ਦਾ ਹੁਕਮ ਸੁਣਾਇਆ। ਭਾਈ ਸਤੀ ਦਾਸ ਨੂੰ ਵੀ ਇਸਲਾਮ ਕਬੂਲ ਕਰਨ ਤੇ ਹੋਰ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਪਰ ਭਾਈ ਸਤੀ ਦਾਸ ਨੇ ਉੱਤਰ ਦਿੱਤਾ ਕਿ," ਤੁਸੀਂ ਨਹੀਂ ਸਮਝ ਸਕਦੇ ਕਿ ਮੇਰੀ ਮੌਜ ਤੇ ਮੇਰੀ ਖੁਸ਼ੀ, ਸਿਰਫ ਗੁਰੂ ਦਾ ਹੁਕਮ ਮੰਨਣ ਵਿੱਚ ਹੈ, ਇਹ ਜਾਨ ਬਚਾਉਣ ਵਿੱਚ ਨਹੀਂ, ਜਿਹੜੀ ਇੱਕ ਨਾ ਇੱਕ ਦਿਨ ਨਿਕਲ ਜਾਣੀ ਹੈ।" ਇਹ ਸੁਣ ਕੇ ਜਲਾਦਾਂ ਨੇ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਦਿੱਤਾ ਤੇ ਉਪਰੋਂ ਤੇਲ ਪਾ ਕੇ ਅੱਗ ਲਗਾ ਦਿੱਤੀ। ਭਾਈ ਸਤੀ ਦਾਸ ਅਡੋਲ ਚਿੱਤ ਆਖ਼ਰੀ ਸਵਾਸਾਂ ਤੱਕ ਰੂੰ ਵਿੱਚ ਸੜਦੇ ਰਹੇ ਤੇ ਆਪਣਾ ਪ੍ਰਣ ਨਿਭਾ ਗਏ। ਇਨਾ ਤਿੰਨਾਂ ਮਹਾਨ ਸਿੱਖਾਂ ਨੇ" ਜੇ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੇਰੀ ਆਓ" ਦੇ ਗੁਰਬਾਣੀ ਦੇ ਵਾਕਾਂ ਨੂੰ ਸੱਚ ਕਰਕੇ ਦਿਖਾ ਦਿੱਤਾ ਕਿ ਗੁਰੂ ਘਰ ਦੇ ਸੇਵਕ ਲੋੜ ਪੈਣ ਤੇ ਦੁਸ਼ਮਣਾਂ ਦੇ ਬਹਿਕਾਵੇ ਤੇ ਲਾਲਚ ਵਿੱਚ ਨਹੀਂ ਫਸਦੇ, ਸਗੋਂ ਧਰਮ ਦੀ ਖਾਤਰ ਆਪਣੀ ਜਾਨ ਕੁਰਬਾਨ ਕਰਨ ਤੋਂ ਵੀ ਪਿੱਛੇ ਨਹੀਂ ਹੱਟਦੇ। ਇਹੋ ਜਿਹੇ ਬਹਾਦਰ ਅਮਰ ਸ਼ਹੀਦਾਂ ਦੇ ਬਲਿਦਾਨ ਨੂੰ ਦੇਖਦੇ ਹੋਏ ਕਿਸੇ ਉਰਦੂ ਦੇ ਸ਼ਾਇਰ ਨੇ ਲਿਖਿਆ ਹੈ:-

" ਐ ਸਿਤਮਗਰ, ਮਿਲਕਰ ਆਜ਼ਮਾਏ ਜ਼ੌਹਰ ਅਪਨਾ,
ਤੁਮ ਖ਼ੰਜਰ ਆਜ਼ਮਾ ਲੋ, ਮੈਂ ਆਜ਼ਮਾ ਲੂੰ ਜਿਗਰ ਅਪਨਾ।"

REFERENCES

1. An introduction to Sikhism (volume 2) ਅਮਰ ਸ਼ਹੀਦ -ਅਬਿਨਾਸ਼ੀ ਸਿੰਘ, ਗੁਰਵਿੰਦਰ ਸਿੰਘ ਅਹੂਜਾ
2. ਜੀਵਨ ਕਥਾ ਸ੍ਰੀ ਗੁਰੂ ਤੇਗ ਬਹਾਦਰ ਜੀ- ਗਿਆਨੀ ਤਰਲੋਕ ਸਿੰਘ ਜੀ ਪ੍ਰਸਿੱਧ ਇਤਿਹਾਸਕਾਰ ਤੇ ਨਾਵਲਕਾਰ ਅੰਮ੍ਰਿਤਸਰ।
3. ਮੱਖਣ ਸ਼ਾਹ ਲੁਬਾਣਾ-ਲੈਫਟੀਨੈਂਟ ਕਰਨਲ ਗੁਲਚਰਨ ਸਿੰਘ
4. ਇਤਿ ਜਿਨਿ ਕਰੀ ਜੀਵਨੀ ਸ੍ਰੀ ਗੁਰੂ ਤੇਗ ਬਹਾਦਰ ਜੀ - ਸਤਬੀਰ ਸਿੰਘ।


© Copyright @ Authors